# ਦੇਰ ਨਾਲ ਲਾਏ ਝੋਨੇ ਵਿੱਚ ਪੌਦਿਆਂ ਦੇ ਮਧਰੇਪਨ ਦੀ ਸਮੱਸਿਆ ਬਹੁਤ ਘੱਟ: ਪੀ ਏ ਯੂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ), ਲੁਧਿਆਣਾ  ਨੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਅਗੇਤੀ ਫ਼ਸਲ ਦੇ ਮੁਕਾਬਲੇ ਦੇਰ ਨਾਲ ਲਾਏ ਝੋਨੇ ਵਿੱਚ ਸਦਰਨ ਰਾਈਸ ਬਲੈਕ ਸਟ੍ਰੀਕਡ ਡਵਾਰਫ ਵਾਇਰਸ (ਐਸ ਆਰ ਬੀ ਐਸ ਡੀ ਵੀ) ਦਾ ਰੋਗ ਬਹੁਤ ਘੱਟ ਲੱਗਦਾ ਹੈ, ਜਿਹੜਾ ਕਿ ਪੌਦਿਆਂ ਵਿੱਚ ਮਧਰੇਪਨ ਦਾ ਕਾਰਨ ਬਣਦਾ ਹੈ, ਅਤੇ ਇਸ ਨਾਲ ਸਿੰਜਾਈ ਦੇ ਪਾਣੀ ਦੀ ਵੀ ਬਚਤ ਹੁੰਦੀ ਹੈ।

ਪੀ ਏ ਯੂ ਨੇ ਕਿਹਾ ਕਿ 5 ਜੁਲਾਈ ਅਤੇ 15 ਜੁਲਾਈ ਨੂੰ ਲਾਏ ਗਏ ਝੋਨੇ ਦੀਆਂ ਕਿਸਮਾਂ ਪੀ ਆਰ 126, ਪੀ ਆਰ 131 ਅਤੇ ਪੀ ਆਰ 121 ਵਿੱਚ ਸਿਰਫ਼ 0.7% ਅਤੇ 0.6% ਵਾਇਰਸ ਦਾ ਵਾਕਿਆ ਦੇਖਿਆ ਗਿਆ।

ਵਾਈਟ ਬੈਕਡ ਪਲਾਂਟ ਹਾਪਰ ਜਾਂ ਚਿੱਟੀ ਪਿੱਠ ਵਾਲਾ ਟਿੱਡਾ ਐਸ ਆਰ ਬੀ ਐਸ ਡੀ ਵੀ ਦਾ ਸੰਚਾਰ ਕਰਦਾ ਹੈ, ਜਿਹਦੇ ਕਾਰਨ ਝੋਨੇ ਦੇ ਪੌਦੇ ਮਧਰੇ ਹੋ ਜਾਂਦੇ ਹਨ। ਪੀ ਏ ਯੂ ਦੇ ਵਧੀਕ ਨਿਰਦੇਸ਼ਕ ਖੋਜ (ਫ਼ਸਲ ਵਿਕਾਸ) ਗੁਰਜੀਤ ਸਿੰਘ ਮਾਂਗਟ ਨੇ ਦੱਸਿਆ ਕਿ ਉਨ੍ਹਾਂ ਨੇ ਤਜਰਬਾ ਕੀਤਾ ਜਿਸ ਵਿੱਚ ਇਹ ਦੇਖਿਆ ਗਿਆ ਕਿ ਦੇਰ ਨਾਲ ਲਾਏ ਝੋਨੇ ਵਿੱਚ ਮਧਰੇ ਪੌਦੇ ਮੁਕਾਬਲਤਨ ਘੱਟ ਸੀ।

"ਸਾਉਣੀ 2022 ਮੌਸਮ ਦੌਰਾਨ, ਐਸ ਆਰ ਬੀ ਐਸ ਡੀ ਵੀ ਦੀਆਂ ਘਟਨਾਵਾਂ ਦੇਖੀਆਂ ਗਈਆਂ ਸੀ। ਹਾਲਾਂਕਿ 2023 ਦੌਰਾਨ ਇਸ ਵਾਇਰਸ ਦਾ ਕੋਈ ਵਾਕਿਆ ਸਾਹਮਣੇ ਨਹੀਂ ਆਇਆ, ਫਿਰ ਵੀ ਸਾਨੂੰ ਇਸ ਬਾਰੇ ਚੌਕਸ ਰਹਿਣਾ ਪਵੇਗਾ। ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਝੋਨੇ ਦੀ ਪਨੀਰੀ ਦੀ ਬਿਜਾਈ ਤੋਂ ਹੀ ਚਿੱਟੀ ਪਿੱਠ ਵਾਲੇ ਟਿੱਡਿਆਂ, ਜਿਹੜੇ ਕਿ ਇਸ ਬਿਮਾਰੀ ਨੂੰ ਫੈਲਾਉਂਦੇ ਹਨ, ਦੀ ਮੌਜੂਦਗੀ ਲਈ ਖੇਤਾਂ ਦਾ ਸਰਵੇਖਣ ਕਰਦੇ ਰਹਿਣ," ਉਨ੍ਹਾਂ ਨੇ ਮਸ਼ਵਰਾ ਦਿੱਤਾ।

ਮਾਂਗਟ ਨੇ ਕਿਹਾ ਕਿ ਕੀੜਿਆਂ ਦੀ ਨਿਗਰਾਨੀ ਦੇ ਲਈ ਨਰਸਰੀ/ਖੇਤ ਦੇ ਕੋਲ ਬਲਬ ਜਗਾਉਣ ਚਾਹੀਦਾ ਹੈ ਕਿਉਂਕਿ ਰਾਤ ਦੇ ਸਮੇਂ ਕੀੜੇ ਰੋਸ਼ਨੀ ਵੱਲ ਖਿੱਚ ਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਪੌਦਿਆਂ ਵਿੱਚ ਟਿੱਡੇ ਦਿਖਾਈ ਦੇਣ ਉੱਤੇ ਸਿਫ਼ਾਰਿਸ਼ ਕੀਤੇ ਗਏ ਕੀਟਨਾਸ਼ਕਾਂ ਦਾ ਛਿੜਕਾਅ ਕਰਨਾ ਚਾਹੀਦਾ ਹੈ।

"ਇਸਦੇ ਇਲਾਵਾ, ਇਹ ਦੇਖਿਆ ਗਿਆ ਕੀ ਦੇਰ ਨਾਲ ਲਾਏ ਗਏ ਝੋਨੇ ਵਿੱਚ ਮਧਰੇ ਪੌਦੇ ਮੁਕਾਬਲਤਨ ਘੱਟ ਸੀ। ਇਸ ਲਈ, ਜਲਦੀ ਪਨੀਰੀ ਦੀ ਬਿਜਾਈ (25 ਮਈ ਤੋਂ ਪਹਿਲਾਂ) ਅਤੇ ਜਲਦੀ ਲੁਆਈ (25 ਜੂਨ ਤੋਂ ਪਹਿਲਾਂ) ਕਰਨ ਤੋਂ ਬਚਣਾ ਚਾਹੀਦਾ ਹੈ," ਉਨ੍ਹਾਂ ਨੇ ਸਲਾਹ ਦਿੱਤੀ।

**ਝੋਨੇ ਦੀਆਂ ਕਿਸਮਾਂ ਦੀ ਲੁਆਈ ਦੀ ਤਰੀਕ ਅਤੇ ਵਾਇਰਸ ਦੇ ਹਮਲੇ ਦੀਆਂ ਘਟਨਾਵਾਂ**

| ਲੁਆਈ ਦੀ ਤਰੀਕ | ਪੈਦਾਵਾਰ (ਕੁਇੰਟਲ ਪ੍ਰਤੀ ਏਕੜ) | | | #ਵਾਇਰਸ ਦੇ ਹਮਲੇ ਦੀਆਂ ਘਟਨਾਵਾਂ (ਪੌਦਿਆਂ ਦਾ ਮਧਰਾਪਨ ਫ਼ੀਸਦੀ ਵਿੱਚ) |
|---|---|---|---|---|
| | ਪੀ ਆਰ 126 | ਪੀ ਆਰ 131 | ਪੀ ਆਰ 121 | |
| ਜੂਨ 15 | 29.6 | 36.8 | 32.3 | 16 |
| ਜੂਨ 25 | 34.8 | 38.0 | 33.5 | 9.8 |
| ਜੁਲਾਈ 5 | 37.5 | 34.6 | 32.2 | 0.7 |
| ਜੁਲਾਈ 15 | 36.1 | 32.0 | 29.0 | 0.6 |